# CIBC ਮੌਰਗੇਜਾਂ ਲਈ ਕ੍ਰੈਡਿਟਰ ਇੰਸ਼ੋਰੈਂਸ — ਉਤਪਾਦ ਦਾ ਸਾਰ

## ਇਹ ਜਾਣਦੇ ਹੋਏ ਵਰਤਮਾਨ ਵਿੱਚ ਸੁਰੱਖਿਅਤ ਮਹਿਸੂਸ ਕਰੋ ਕਿ ਤੁਸੀਂ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ ਹੈ



### ਆਪਣੇ CIBC ਮੌਰਗੇਜ ਲਈ ਕ੍ਰੈਡਿਟਰ ਇੰਸ਼ੋਰੈਂਸ (ਲੈਣਦਾਰ ਬੀਮਾ) ਕਿਉਂ ਚੁਣਿਆ ਜਾਵੇ?

ਜਦੋਂ ਤੁਸੀਂ ਅਜਿਹੀ ਬੀਮਾ ਕਵਰੇਜ ਖਰੀਦਦੇ ਹੋ ਜੋ ਤੁਹਾਡੇ ਲਈ ਸਹੀ ਹੈ, ਤਾਂ ਤੁਸੀਂ ਭਵਿੱਖ ਵਿੱਚ ਤੁਹਾਡੀ ਆਮਦਨੀ ਨਾਲ ਸਮਝੌਤਾ ਹੋਣ ਦੇ ਬਾਵਜੂਦ ਵੀ ਆਪਣੇ ਅਤੇ ਆਪਣੇ ਪਰਿਵਾਰ ਦੀ ਤੁਹਾਡੇ ਘਰ ਵਿੱਚ ਰਹਿਣ ਦੀ ਯੋਗਤਾ ਦੀ ਰੱਖਿਆ ਕਰ ਰਹੇ ਹੋ। CIBC ਮੌਰਗੇਜਾਂ ਲਈ ਕ੍ਰੈਡਿਟਰ ਇੰਸ਼ੋਰੈਂਸ, The Canada Life Assurance Company (Canada Life) ਦੁਆਰਾ ਦਿੱਤਾ ਜਾਂਦਾ ਲੈਣਦਾਰ ਦਾ ਸਮੂਹਿਕ ਬੀਮਾ ਹੈ। ਇਹ ਬੀਮਾ ਤੁਹਾਡੀ ਮੌਤ ਜਾਂ ਕਵਰ ਕੀਤੀ ਜਾਂਦੀ ਗੰਭੀਰ ਬਿਮਾਰੀ ਦੀ ਸਥਿਤੀ ਵਿੱਚ ਤੁਹਾਡੇ ਮੌਰਗੇਜ ਨੂੰ ਅਦਾ ਕਰਨ ਜਾਂ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਜੇਕਰ ਤੁਸੀਂ ਕਿਸੇ ਅਸਮਰਥਤਾ ਕਾਰਨ ਕੰਮ ਨਹੀਂ ਕਰ ਸਕਦੇ ਹੋ ਜਾਂ ਬਿਨਾਂ ਇੱਛਾ ਦੇ ਨੌਕਰੀ ਚਲੀ ਜਾਂਦੀ ਹੈ ਤਾਂ ਇਹ ਤੁਹਾਡੇ ਮੌਰਗੇਜ ਦੇ ਭੁਗਤਾਨਾਂ ਨੂੰ ਕਵਰ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ।

| | |
|---|---|
| ਸੁਰੱਖਿਆ | ਜੇਕਰ ਤੁਸੀਂ ਕਿਸੇ ਅਸਮਰਥਤਾ ਕਾਰਨ ਕੰਮ ਨਹੀਂ ਕਰ ਸਕਦੇ ਹੋ, ਬਿਨਾਂ ਇੱਛਾ ਦੇ ਨੌਕਰੀ ਚਲੇ ਜਾਣ ਦਾ ਸਾਹਮਣਾ ਕਰਦੇ ਹੋ, ਤੁਹਾਨੂੰ ਕਿਸੇ ਕਵਰ ਕੀਤੀ ਜਾਂਦੀ ਗੰਭੀਰ ਬਿਮਾਰੀ ਦਾ ਪਤਾ ਲੱਗਦਾ ਹੈ, ਜਾਂ ਤੁਹਾਡੀ ਮੌਤ ਦੀ ਸਥਿਤੀ ਵਿੱਚ, ਤੁਹਾਡੇ CIBC ਮੌਰਗੇਜ ਲਈ ਵਿੱਤੀ ਸੁਰੱਖਿਆ। |
| ਤੁਰੰਤ ਕਵਰੇਜ | ਜੇਕਰ ਤੁਸੀਂ ਅਰਜ਼ੀ 'ਤੇ ਸਾਰੇ ਸਿਹਤ ਸੰਬੰਧੀ ਸਵਾਲਾਂ ਦਾ ਜਵਾਬ "ਨਹੀਂ" ਦਿੰਦੇ ਹੋ ਅਤੇ ਤੁਹਾਡਾ CIBC ਮੌਰਗੇਜ ਮਨਜ਼ੂਰ ਹੋ ਜਾਂਦਾ ਹੈ, ਤਾਂ ਉਸੇ ਵੇਲੇ ਪ੍ਰਵਾਨਗੀ ਅਤੇ ਕਵਰੇਜ ਤੁਰੰਤ ਸ਼ੁਰੂ ਹੋ ਜਾਂਦੀ ਹੈ। |
| ਸਹੂਲਤ | ਆਪਣੇ ਬੀਮੇ ਦੇ ਪ੍ਰੀਮੀਅਮਾਂ ਲਈ ਵੱਖਰੇ ਭੁਗਤਾਨ ਕਰਨ ਬਾਰੇ ਚਿੰਤਾ ਨਾ ਕਰੋ — ਉਹ ਤੁਹਾਡੇ CIBC ਮੌਰਗੇਜ ਭੁਗਤਾਨ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਅਤੇ ਜੇਕਰ ਤੁਸੀਂ ਆਪਣੇ CIBC ਮੌਰਗੇਜ ਭੁਗਤਾਨ ਦੀ ਵਾਰਵਾਰਤਾ ਨੂੰ ਬਦਲਦੇ ਹੋ ਤਾਂ ਆਪਣੇ ਆਪ ਵਿਵਸਥਿਤ ਹੋ ਜਾਂਦੇ ਹਨ। |

### ਵਧੇਰੇ ਜਾਣਨ ਲਈ:

ਅੱਜ ਕਿਸੇ CIBC ਸਲਾਹਕਾਰ ਨਾਲ ਗੱਲ ਕਰੋ,
ਕਿਊਬੈਕ ਖੇਤਰ: 1 866 307-2555
ਬਾਕੀ ਦਾ ਕੈਨੇਡਾ: 1 866 321-3639

CIBC ਬੈਂਕਿੰਗ ਸੈਂਟਰ 'ਤੇ ਜਾਓ
cibc.com/creditor 'ਤੇ ਜਾਓ

13031R - 2020/08

ਇਸ ਬੀਮੇ ਦੀ ਖਰੀਦ ਵਿਕਲਪਿਕ ਹੈ ਅਤੇ ਕਿਸੇ ਵੀ CIBC ਉਤਪਾਦ ਜਾਂ ਸੇਵਾ ਨੂੰ ਪ੍ਰਾਪਤ ਕਰਨ ਦੀ ਲੋੜ ਨਹੀਂ ਹੈ। ਇਸ ਉਤਪਾਦ ਦੇ ਸਾਰ ਵਿੱਚ ਦਿੱਤੀ ਗਈ ਜਾਣਕਾਰੀ ਦਾ ਮਕਸਦ ਸਿਰਫ ਇੱਕ ਆਮ ਸਾਰ ਹੈ। ਲਾਭਾਂ, ਲਾਗਤ, ਯੋਗਤਾ ਸ਼ਰਤਾਂ, ਸੀਮਾਵਾਂ ਅਤੇ ਅਲਹਿਦਗੀਆਂ (ਅਲਹਿਦਗੀਆਂ ਅਜਿਹੇ ਹਾਲਾਤ ਹਨ ਜਦੋਂ ਲਾਭਾਂ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ) ਦੇ ਪੂਰੇ ਵੇਰਵੇ ਸਮੇਤ ਕਵਰੇਜ ਦੇ ਪੂਰੇ ਵੇਰਵਿਆਂ ਲਈ ਕਿਰਪਾ ਕਰਕੇ ਬੀਮੇ[1] ਦਾ ਸਰਟੀਫਿਕੇਟ ਦੇਖੋ।

## CIBC ਮੌਰਗੇਜਾਂ ਲਈ ਜੀਵਨ ਬੀਮਾ ਅਤੇ ਗੰਭੀਰ ਬਿਮਾਰੀ ਬੀਮਾ

| ਸਾਰ | ਜੀਵਨ ਬੀਮਾ | ਖ਼ਤਰਨਾਕ ਬਿਮਾਰੀ ਦਾ ਬੀਮਾ |
|---|---|---|
| ਇਹ ਕੀ ਕਵਰ ਕਰਦਾ ਹੈ | ਜਾਨੀ ਨੁਕਸਾਨ। | ਕਵਰ ਕੀਤੀ ਗੰਭੀਰ ਬਿਮਾਰੀ (ਕੈਂਸਰ, ਤੀਬਰ ਦਿਲ ਦਾ ਦੌਰਾ, ਜਾਂ ਸਟ੍ਰੋਕ) ਦਾ ਨਿਦਾਨ। |
| ਕੌਣ ਅਰਜ਼ੀ ਦੇ ਸਕਦਾ ਹੈ | • ਕੈਨੇਡਾ ਦਾ ਵਸਨੀਕ;<br>• 18 ਤੋਂ 64 ਸਾਲ ਦੀ ਉਮਰ*;<br>• CIBC ਮੌਰਗੇਜ ਲਈ ਪ੍ਰਵਾਨਿਤ<br>• CIBC ਮੌਰਗੇਜ 'ਤੇ ਇੱਕ ਕਰਜ਼ਾ ਲੈਣ ਵਾਲਾ, ਸਹਿ-ਕਰਜ਼ਾ ਲੈਣ ਵਾਲਾ ਜਾਂ ਗਾਰੰਟਰ; ਅਤੇ<br>• ਤੁਹਾਡੇ ਸਾਰੇ ਜੀਵਨ-ਬੀਮਾ ਵਾਲੇ CIBC ਮੌਰਗੇਜਾਂ 'ਤੇ ਪਹਿਲਾਂ ਤੋਂ ਹੀ $750,000 ਤੋਂ ਵੱਧ ਦਾ ਜੀਵਨ ਬੀਮਾ ਨਹੀਂ ਹੋਣਾ ਚਾਹੀਦਾ<br>*ਧਿਆਨ ਦਿਓ: ਜੇਕਰ ਤੁਹਾਡੀ ਅਰਜ਼ੀ ਪ੍ਰਾਪਤ ਹੋਣ ਸਮੇਂ ਤੁਹਾਡੀ ਉਮਰ 65 ਅਤੇ 69 ਸਾਲ ਦੇ ਵਿਚਕਾਰ ਹੈ, ਤਾਂ ਤੁਸੀਂ "ਕਵਰੇਜ ਲਈ ਪਹਿਲਾਂ ਤੋਂ ਮਾਨਤਾ" ਲਈ ਯੋਗ ਹੋ ਸਕਦੇ ਹੋ। | • ਕੈਨੇਡਾ ਦਾ ਵਸਨੀਕ;<br>• 18 ਤੋਂ 55 ਸਾਲ ਦੀ ਉਮਰ*;<br>• CIBC ਮੌਰਗੇਜ ਲਈ ਪ੍ਰਵਾਨਿਤ<br>• CIBC ਮੌਰਗੇਜ 'ਤੇ ਇੱਕ ਕਰਜ਼ਾ ਲੈਣ ਵਾਲਾ, ਸਹਿ-ਕਰਜ਼ਾ ਲੈਣ ਵਾਲਾ ਜਾਂ ਗਾਰੰਟਰ; ਅਤੇ<br>• ਤੁਹਾਡੇ ਸਾਰੇ ਗੰਭੀਰ ਬਿਮਾਰੀ ਦੇ ਬੀਮੇ ਵਾਲੇ CIBC ਮੌਰਗੇਜਾਂ 'ਤੇ ਪਹਿਲਾਂ ਤੋਂ ਹੀ $500,000 ਤੋਂ ਵੱਧ ਦਾ ਗੰਭੀਰ ਬਿਮਾਰੀ ਦਾ ਬੀਮਾ ਨਹੀਂ ਹੋਣਾ ਚਾਹੀਦਾ<br>*ਧਿਆਨ ਦਿਓ: ਜੇਕਰ ਤੁਹਾਡੀ ਅਰਜ਼ੀ ਪ੍ਰਾਪਤ ਹੋਣ ਸਮੇਂ ਤੁਹਾਡੀ ਉਮਰ 56 ਅਤੇ 69 ਸਾਲ ਦੇ ਵਿਚਕਾਰ ਹੈ, ਤਾਂ ਤੁਸੀਂ "ਕਵਰੇਜ ਲਈ ਪਹਿਲਾਂ ਤੋਂ ਮਾਨਤਾ" ਲਈ ਯੋਗ ਹੋ ਸਕਦੇ ਹੋ। |
| ਇਹ ਕਿੰਨਾ ਭੁਗਤਾਨ ਕਰਦਾ ਹੈ | ਲਾਭ ਦੀ ਰਕਮ ਤੁਹਾਡੀ ਮੌਤ ਦੀ ਮਿਤੀ ਨੂੰ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਬੀਮੇ ਵਾਲੇ CIBC ਮੌਰਗੇਜ ਦਾ ਬਾਕੀ ਬਚਿਆ ਮੂਲ ਬਕਾਇਆ ਹੈ। ਤੁਹਾਡੇ ਜੀਵਨ-ਬੀਮਾ ਵਾਲੇ CIBC ਮੌਰਗੇਜਾਂ ਲਈ ਵੱਧ ਤੋਂ ਵੱਧ ਲਾਭ $750,000 ਹੈ। ਇਸ ਲਈ, ਅਜਿਹੇ ਮਾਮਲੇ ਹੋ ਸਕਦੇ ਹਨ ਜਿੱਥੇ ਤੁਹਾਡੇ ਮੌਰਗੇਜ ਨੂੰ ਸਿਰਫ ਅੰਸ਼ਕ ਤੌਰ 'ਤੇ ਕਵਰ ਕੀਤਾ ਗਿਆ ਹੈ। | ਲਾਭ ਦੀ ਰਕਮ ਤੁਹਾਡੇ ਨਿਦਾਨ ਦੀ ਮਿਤੀ ਨੂੰ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਬੀਮੇ ਵਾਲੇ CIBC ਮੌਰਗੇਜ ਦਾ ਬਾਕੀ ਬਚਿਆ ਮੂਲ ਬਕਾਇਆ ਹੈ। ਤੁਹਾਡੇ ਗੰਭੀਰ ਬਿਮਾਰੀ ਦੇ ਬੀਮੇ ਵਾਲੇ CIBC ਮੌਰਗੇਜਾਂ ਲਈ ਵੱਧ ਤੋਂ ਵੱਧ ਲਾਭ $500,000 ਹੈ। ਇਸ ਲਈ, ਅਜਿਹੇ ਮਾਮਲੇ ਹੋ ਸਕਦੇ ਹਨ ਜਿੱਥੇ ਤੁਹਾਡੇ ਮੌਰਗੇਜ ਨੂੰ ਸਿਰਫ ਅੰਸ਼ਕ ਤੌਰ 'ਤੇ ਕਵਰ ਕੀਤਾ ਗਿਆ ਹੈ। |
| ਅਲਹਿਦਗੀਆਂ<br>(ਪੂਰੀ ਸੂਚੀ ਨਹੀਂ।<br>ਵੇਰਵਿਆਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ) | ਕੋਈ ਲਾਭ ਦੇਣ ਯੋਗ ਨਹੀਂ ਹੁੰਦਾ ਹੈ ਜੇਕਰ ਤੁਸੀਂ:<br>• ਕਿਸੇ ਅਪਰਾਧਿਕ ਜੁਰਮ ਕਰਨ ਜਾਂ ਕਰਨ ਦੀ ਕੋਸ਼ਿਸ਼ ਦੇ ਨਤੀਜੇ ਵਜੋਂ ਤੁਹਾਡੀ ਮੌਤ ਹੋ ਜਾਂਦੀ ਹੈ<br>• ਤੁਹਾਡਾ ਬੀਮਾ ਸ਼ੁਰੂ ਹੋਣ ਦੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਖੁਦਕੁਸ਼ੀ ਕਰ ਲੈਂਦੇ ਹੋ | ਕੋਈ ਲਾਭ ਦੇਣ ਯੋਗ ਨਹੀਂ ਹੁੰਦਾ ਹੈ ਜੇਕਰ:<br>• ਤੁਹਾਡਾ ਨਿਦਾਨ ਕੈਂਸਰ, ਤੀਬਰ ਦਿਲ ਦਾ ਦੌਰਾ, ਜਾਂ ਸਟ੍ਰੋਕ ਦੀ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦਾ ਜਿਵੇਂ ਕਿ ਬੀਮੇ ਦੇ ਸਰਟੀਫਿਕੇਟ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ<br>ਧਿਆਨ ਦਿਓ: ਸਾਰੇ ਕੈਂਸਰ, ਦਿਲ ਦੇ ਦੌਰੇ ਅਤੇ ਸਟ੍ਰੋਕ ਇਸ ਬੀਮੇ ਦੁਆਰਾ ਕਵਰ ਨਹੀਂ ਕੀਤੇ ਜਾਂਦੇ ਹਨ। ਵੇਰਵਿਆਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ<br>• ਕੈਂਸਰ ਦਾ ਤੁਹਾਡਾ ਨਿਦਾਨ, ਜਾਂ ਕੈਂਸਰ ਦੇ ਨਿਦਾਨ ਤੱਕ ਲਿਜਾਉਣ ਵਾਲੇ ਚਿੰਨ੍ਹ, ਲੱਛਣ ਜਾਂ ਜਾਂਚਾਂ, ਤੁਹਾਡੀ ਬੀਮਾ ਕਵਰੇਜ ਸ਼ੁਰੂ ਹੋਣ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ ਹੁੰਦੇ ਹਨ<br>• ਕਿਸੇ ਗੰਭੀਰ ਬਿਮਾਰੀ ਦਾ ਪਤਾ ਲੱਗਣ ਤੋਂ ਬਾਅਦ 30 ਦਿਨਾਂ ਦੇ ਅੰਦਰ ਤੁਹਾਡੀ ਮੌਤ ਹੋ ਜਾਂਦੀ ਹੈ |
| ਉਮਰ ਦੀ ਕਵਰੇਜ ਖ਼ਤਮ ਹੁੰਦੀ ਹੈ | 70 | 70 |

| ਸਾਰ | ਜੀਵਨ ਬੀਮਾ | ਖ਼ਤਰਨਾਕ ਬਿਮਾਰੀ ਦਾ ਬੀਮਾ |
|---|---|---|
| ਤੁਹਾਡੇ ਬੀਮੇ ਦੀ ਲਾਗਤ ਕੀ ਹੈ | ਤੁਹਾਡਾ ਮਹੀਨਾਵਾਰ[2] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਸ਼ੁਰੂਆਤੀ ਬੀਮੇ ਦੀ ਰਕਮ[3] ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਿਤ ਲਾਗੂ ਪ੍ਰੀਮੀਅਮ ਦਰ[4] 'ਤੇ ਅਧਾਰਤ ਹੁੰਦਾ ਹੈ। ਜੇਕਰ ਦੋ ਵਿਅਕਤੀਆਂ ਦਾ ਮੌਰਗੇਜ 'ਤੇ ਜੀਵਨ-ਬੀਮਾ ਹੈ, ਤਾਂ ਪ੍ਰੀਮੀਅਮ ਦੀ ਦਰ ਵੱਡੀ ਉਮਰ ਵਾਲੇ ਵਿਅਕਤੀ ਦੀ ਉਮਰ 'ਤੇ ਅਧਾਰਤ ਹੁੰਦੀ ਹੈ (ਸਿਰਫ਼ ਤਾਂ ਲਾਗੂ ਹੁੰਦਾ ਹੈ ਜੇਕਰ ਦੋ ਵਿਅਕਤੀਆਂ ਨੇ ਇੱਕੋ ਮਿਤੀ 'ਤੇ ਅਤੇ ਉਸੇ ਬੀਮੇ ਦੀ ਰਕਮ ਲਈ ਅਰਜ਼ੀ ਦਿੱਤੀ ਹੋਵੇ)।<br>ਇਸ ਬਾਰੇ ਵੇਰਵਿਆਂ ਲਈ ਕਿ ਹੋਰ ਸਾਰੇ ਮਾਮਲਿਆਂ ਵਿੱਚ ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ, ਅਤੇ ਪ੍ਰੀਮੀਅਮ ਦੀ ਗਣਨਾ ਕਰਨ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ। | ਤੁਹਾਡਾ ਮਹੀਨਾਵਾਰ[2] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਸ਼ੁਰੂਆਤੀ ਬੀਮੇ ਦੀ ਰਕਮ[3] ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਿਤ ਲਾਗੂ ਪ੍ਰੀਮੀਅਮ ਦਰ[4] 'ਤੇ ਅਧਾਰਤ ਹੁੰਦਾ ਹੈ। ਜੇਕਰ ਮੌਰਗੇਜ 'ਤੇ ਗੰਭੀਰ ਬੀਮਾਰੀ ਲਈ ਦੋ ਵਿਅਕਤੀਆਂ ਦਾ ਬੀਮਾ ਕੀਤਾ ਜਾਂਦਾ ਹੈ, ਤਾਂ ਸੰਯੁਕਤ ਪ੍ਰੀਮੀਅਮ ਹਰੇਕ ਬੀਮਾਯੁਕਤ ਵਿਅਕਤੀ ਲਈ ਵਿਅਕਤੀਗਤ ਪ੍ਰੀਮੀਅਮਾਂ ਦੀ ਰਕਮ ਦੀ ਗਣਨਾ ਕਰਕੇ ਅਤੇ ਨਤੀਜੇ ਨੂੰ 85% (ਜੋ ਕਿ 15% ਦੀ ਛੋਟ ਹੈ) ਨਾਲ ਗੁਣਾ ਕਰਕੇ ਨਿਰਧਾਰਿਤ ਕੀਤਾ ਜਾਂਦਾ ਹੈ। ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ। |

## CIBC ਗਿਰਵੀਨਾਮੇ ਲਈ ਡਿਸਏਬਿਲਿਟੀ ਇੰਸ਼ੋਰੈਂਸ ਅਤੇ ਡਿਸਏਬਿਲਿਟੀ ਇੰਸ਼ੋਰੈਂਸ ਪਲੱਸ

| ਸਾਰ | ਡਿਸਏਬਿਲਿਟੀ ਇੰਸ਼ੋਰੈਂਸ | ਡਿਸਏਬਿਲਿਟੀ ਇੰਸ਼ੋਰੈਂਸ ਪਲੱਸ |
|---|---|---|
| ਇਹ ਕੀ ਕਵਰ ਕਰਦਾ ਹੈ | ਬਿਮਾਰੀ ਜਾਂ ਸੱਟ ਦੇ ਕਾਰਨ ਕੰਮ ਕਰਨ ਵਿੱਚ ਅਸਮਰਥਤਾ।<br>ਇਹ ਜ਼ਰੂਰੀ ਹੈ ਕਿ ਤੁਸੀਂ ਬਿਮਾਰੀ ਜਾਂ ਸੱਟ ਦੇ ਕਾਰਨ, ਇਹ ਕਰਨ ਲਈ ਪੂਰੀ ਤਰ੍ਹਾਂ ਅਸਮਰਥ ਹੋਵੋ:<br>• ਤੁਹਾਡੇ ਪੂਰੇ ਸਮੇਂ ਦੇ ਪੇਸ਼ੇ ਦੀਆਂ ਨਿਯਮਿਤ ਡਿਊਟੀਆਂ ਜਿਸ ਵਿੱਚ ਤੁਸੀਂ ਅਸਮਰਥ ਬਣਨ ਤੋਂ ਤੁਰੰਤ ਪਹਿਲਾਂ ਲੱਗੇ ਹੋਏ ਸੀ; ਜਾਂ<br>• ਤੁਹਾਡੇ ਮੁੱਖ ਪੇਸ਼ੇ ਦੀਆਂ ਜ਼ਰੂਰੀ ਡਿਊਟੀਆਂ, ਜੇਕਰ ਤੁਸੀਂ ਇੱਕ ਮੌਸਮੀ ਕਰਮਚਾਰੀ ਹੋ | ਬਿਮਾਰੀ ਜਾਂ ਸੱਟ ਦੇ ਕਾਰਨ ਕੰਮ ਕਰਨ ਵਿੱਚ ਅਪਾਹਿਜਤਾ (ਡਿਸਏਬਿਲਿਟੀ ਇੰਸ਼ੋਰੈਂਸ), ਅਤੇ ਰੁਜ਼ਗਾਰ ਦਾ ਅਣਇੱਛਤ ਨੁਕਸਾਨ (ਨੌਕਰੀ ਚਲੇ ਜਾਣ ਦਾ ਬੀਮਾ)।<br>ਨੌਕਰੀ ਚਲੇ ਜਾਣ ਦਾ ਮਤਲਬ ਹੈ ਕਿ ਤੁਹਾਨੂੰ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਅਣਇੱਛਤ ਤੌਰ 'ਤੇ ਬਰਖਾਸਤ ਕੀਤਾ ਗਿਆ ਸੀ (ਕਾਰਨ ਲਈ ਨਹੀਂ), ਜਿਸ ਵਿੱਚ ਸਥਾਈ ਛਾਂਟੀ ਵੀ ਸ਼ਾਮਲ ਹੈ, ਅਤੇ ਤੁਸੀਂ ਕੈਨੇਡਾ ਸਰਕਾਰ ਦੇ ਰੁਜ਼ਗਾਰ ਬੀਮਾ ਲਾਭ ਪ੍ਰਾਪਤ ਕਰਨ ਦੇ ਯੋਗ ਹੋ। ਨੌਕਰੀ ਦੇ ਚਲੇ ਜਾਣ ਵਿੱਚ ਹੜਤਾਲ ਜਾਂ ਅਸਥਾਈ ਛਾਂਟੀ ਸ਼ਾਮਲ ਨਹੀਂ ਹੈ। |
| ਕੌਣ ਅਰਜ਼ੀ ਦੇ ਸਕਦਾ ਹੈ | • ਕੈਨੇਡਾ ਦਾ ਵਸਨੀਕ;<br>• 18 ਤੋਂ 64 ਸਾਲ ਦੀ ਉਮਰ;<br>• CIBC ਮੌਰਗੇਜ ਲਈ ਪ੍ਰਵਾਨਿਤ<br>• CIBC ਮੌਰਗੇਜ 'ਤੇ ਇੱਕ ਕਰਜ਼ਾ ਲੈਣ ਵਾਲਾ, ਸਹਿ-ਕਰਜ਼ਾ ਲੈਣ ਵਾਲਾ ਜਾਂ ਗਾਰੰਟਰ;<br>• ਕਿਸੇ ਵੀ ਸਰੋਤ ਤੋਂ ਕੋਈ ਅਸਮਰਥਤਾ ਲਾਭ ਪ੍ਰਾਪਤ ਨਾ ਕਰ ਰਹੇ ਹੋਵੋ; ਅਤੇ<br>• ਲਾਜ਼ਮੀ ਤੌਰ 'ਤੇ ਰੁਜ਼ਗਾਰ ਵਿੱਚ ਲੱਗੇ ਹੋਵੋ ਅਤੇ ਪ੍ਰਤੀ ਹਫ਼ਤਾ ਘੱਟੋ-ਘੱਟ 25 ਘੰਟੇ ਲਈ ਤੁਹਾਡੇ ਮੁੱਖ ਪੇਸ਼ੇ ਦੀਆਂ ਤੁਹਾਡੀਆਂ ਨਿਯਮਤ ਡਿਊਟੀਆਂ ਜਾਂ ਇੱਕ ਮੌਸਮੀ ਕਰਮਚਾਰੀ ਵਜੋਂ ਤੁਹਾਡੀਆਂ ਡਿਊਟੀਆਂ ਕਰਨ ਦੇ ਯੋਗ ਹੋਵੋ। ਜੇਕਰ ਤੁਸੀਂ ਇੱਕ ਮੌਸਮੀ ਕਰਮਚਾਰੀ ਹੋ, ਤਾਂ ਲਾਜ਼ਮੀ ਤੌਰ 'ਤੇ ਘੱਟੋ-ਘੱਟ ਇੱਕ ਪਿਛਲੇ ਸੀਜ਼ਨ ਲਈ ਕੰਮ ਕੀਤਾ ਹੋਣਾ ਚਾਹੀਦਾ ਹੈ। | • ਕੈਨੇਡਾ ਦਾ ਵਸਨੀਕ;<br>• 18 ਤੋਂ 64 ਸਾਲ ਦੀ ਉਮਰ;<br>• CIBC ਮੌਰਗੇਜ ਲਈ ਪ੍ਰਵਾਨਿਤ<br>• CIBC ਮੌਰਗੇਜ 'ਤੇ ਇੱਕ ਕਰਜ਼ਾ ਲੈਣ ਵਾਲਾ, ਸਹਿ-ਕਰਜ਼ਾ ਲੈਣ ਵਾਲਾ ਜਾਂ ਗਾਰੰਟਰ;<br>• ਕਿਸੇ ਵੀ ਸਰੋਤ ਤੋਂ ਕੋਈ ਅਪਾਹਿਜਤਾ ਲਾਭ ਪ੍ਰਾਪਤ ਨਹੀਂ ਕਰ ਰਹੇ ਹੋ ਸਕਦੇ;<br>• ਲਾਜ਼ਮੀ ਤੌਰ 'ਤੇ ਰੁਜ਼ਗਾਰ ਵਿੱਚ ਲੱਗੇ ਹੋਵੋ ਅਤੇ ਪ੍ਰਤੀ ਹਫ਼ਤਾ ਘੱਟੋ-ਘੱਟ 25 ਘੰਟੇ ਲਈ ਤੁਹਾਡੇ ਮੁੱਖ ਪੇਸ਼ੇ ਦੀਆਂ ਤੁਹਾਡੀਆਂ ਨਿਯਮਤ ਡਿਊਟੀਆਂ ਕਰਨ ਦੇ ਯੋਗ ਹੋਵੋ; ਅਤੇ ਲਾਜ਼ਮੀ ਤੌਰ 'ਤੇ<br>• ਮੌਸਮੀ ਕਰਮਚਾਰੀ ਨਾ ਹੋਵੋ; ਅਤੇ<br>• ਉਸ ਕੰਪਨੀ ਵਿੱਚ ਸਵੈ-ਰੁਜ਼ਗਾਰ ਵਿੱਚ, ਇੱਕ ਸੁਤੰਤਰ ਠੇਕੇਦਾਰ, ਉਸਦਾ ਇੱਕ ਕੰਟਰੋਲਿੰਗ ਸ਼ੇਅਰਹੋਲਡਰ ਨਾ ਹੋਵੋ ਜਿਸ ਵਿੱਚ ਤੁਸੀਂ ਨੌਕਰੀ ਕਰਦੇ ਹੋ, ਜਾਂ ਤੁਹਾਡੇ ਨਜ਼ਦੀਕੀ ਪਰਿਵਾਰ ਦੇ ਕਿਸੇ ਮੈਂਬਰ ਦੁਆਰਾ ਜਾਂ ਕਿਸੇ ਨਜ਼ਦੀਕੀ ਪਰਿਵਾਰਕ ਮੈਂਬਰ ਦੁਆਰਾ ਮਾਲਕੀ ਜਾਂ ਨਿਯੰਤਰਿਤ ਕੰਪਨੀ ਦੁਆਰਾ ਨੌਕਰੀ 'ਤੇ ਨਾ ਰੱਖਿਆ ਗਿਆ ਹੋਵੇ। |
| ਇਹ ਕਿੰਨਾ ਭੁਗਤਾਨ ਕਰਦਾ ਹੈ | ਇੱਕ ਨਿਸ਼ਚਿਤ ਮਹੀਨਾਵਾਰ ਲਾਭ ਰਕਮ[5] ਦਾ ਭੁਗਤਾਨ ਕਰਦਾ ਹੈ, ਜੋ ਕਿ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਮੌਰਗੇਜ ਦੇ ਮਹੀਨਾਵਾਰ ਮੂਲ ਅਤੇ ਵਿਆਜ ਦੇ ਭੁਗਤਾਨਾਂ 'ਤੇ ਅਧਾਰਤ ਹੈ। ਵੱਧ ਤੋਂ ਵੱਧ ਮਹੀਨਾਵਾਰ ਲਾਭ, ਅਧਿਕਤਮ 24 ਮਹੀਨਿਆਂ ਦੀ ਮਿਆਦ ਲਈ, $3,000 ਪ੍ਰਤੀ ਮਹੀਨਾ ਹੈ।<br>ਤੁਹਾਡੇ ਸਾਰੇ ਅਸਮਰਥਤਾ ਦੇ ਬੀਮੇ ਵਾਲੇ CIBC ਮੌਰਗੇਜਾਂ ਲਈ ਅਸਮਰਥਤਾ ਦੀ ਹਰੇਕ ਘਟਨਾ ਲਈ ਭੁਗਤਾਨ ਯੋਗ ਅਧਿਕਤਮ ਕੁੱਲ ਲਾਭ $150,000 ਹੈ। | ਡਿਸਏਬਿਲਿਟੀ ਇੰਸ਼ੋਰੈਂਸ (ਅਸਮਰਥਤਾ ਬੀਮਾ): ਕਿਰਪਾ ਕਰਕੇ ਡਿਸਏਬਿਲਿਟੀ ਇੰਸ਼ੋਰੈਂਸ ਭਾਗ ਵਿੱਚ ਵਰਣਿਤ ਲਾਭ ਦੇਖੋ।<br>ਨੌਕਰੀ ਚਲੇ ਜਾਣ ਦਾ ਬੀਮਾ: ਇੱਕ ਨਿਸ਼ਚਿਤ ਮਹੀਨਾਵਾਰ ਲਾਭ ਰਕਮ[5] ਦਾ ਭੁਗਤਾਨ ਕਰਦਾ ਹੈ, ਜੋ ਕਿ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਮੌਰਗੇਜ ਦੇ ਮਹੀਨਾਵਾਰ ਮੂਲ ਅਤੇ ਵਿਆਜ ਦੇ ਭੁਗਤਾਨਾਂ 'ਤੇ ਅਧਾਰਤ ਹੈ। ਵੱਧ ਤੋਂ ਵੱਧ ਮਹੀਨਾਵਾਰ ਲਾਭ, ਅਧਿਕਤਮ 6 ਮਹੀਨਿਆਂ ਦੀ ਮਿਆਦ ਲਈ, $3,000 ਪ੍ਰਤੀ ਮਹੀਨਾ ਹੈ।<br>ਤੁਹਾਡੇ ਸਾਰੇ ਨੌਕਰੀ ਦੇ ਚਲੇ ਜਾਣ ਦੇ ਬੀਮੇ ਵਾਲੇ CIBC ਮੌਰਗੇਜਾਂ ਲਈ ਨੌਕਰੀ ਦੇ ਚਲੇ ਜਾਣ ਦੀ ਹਰੇਕ ਘਟਨਾ ਲਈ ਅਧਿਕਤਮ ਕੁੱਲ ਲਾਭ $50,000 ਹੈ। |

| ਸਾਰ | ਡਿਸਏਬਿਲਿਟੀ ਇੰਸ਼ੋਰੈਂਸ | ਡਿਸਏਬਿਲਿਟੀ ਇੰਸ਼ੋਰੈਂਸ ਪਲੱਸ |
|---|---|---|
| ਅਲਹਿਦਗੀਆਂ (ਪੂਰੀ ਸੂਚੀ ਨਹੀਂ। ਵੇਰਵਿਆਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ) | ਕੋਈ ਲਾਭ ਦੇਣ ਯੋਗ ਨਹੀਂ ਹੁੰਦਾ ਹੈ ਜੇਕਰ ਤੁਸੀਂ:<br>• ਉਡੀਕ ਦੀ ਮਿਆਦ ਦੇ ਦੌਰਾਨ ਕੰਮ 'ਤੇ ਵਾਪਸ ਜਾਣਾ<br>• ਆਪਣੇ ਪੂਰੇ ਸਮੇਂ ਦੇ ਪੇਸ਼ੇ ਦੀਆਂ ਆਪਣੀਆਂ ਨਿਯਮਿਤ ਡਿਊਟੀਆਂ ਨੂੰ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਮਰਥ ਨਹੀਂ ਹੋ ਜਾਂ ਜੇਕਰ ਤੁਸੀਂ ਇੱਕ ਮੌਸਮੀ ਕਰਮਚਾਰੀ ਹੋ ਤਾਂ ਤੁਸੀਂ ਆਪਣੇ ਮੁੱਖ ਪੇਸ਼ੇ ਦੀਆਂ ਜ਼ਰੂਰੀ ਡਿਊਟੀਆਂ ਨੂੰ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਮਰਥ ਨਹੀਂ ਹੋ<br>• ਆਪਣੀ ਅਪਾਹਿਜਤਾ ਦੇ ਕਾਰਨ ਕੰਮ ਕਰਨਾ ਬੰਦ ਨਾ ਕਰੋ | ਡਿਸਏਬਿਲਿਟੀ ਇੰਸ਼ੋਰੈਂਸ (ਅਸਮਰਥਤਾ ਬੀਮਾ): ਕਿਰਪਾ ਕਰਕੇ ਡਿਸਏਬਿਲਿਟੀ ਇੰਸ਼ੋਰੈਂਸ ਭਾਗ ਵਿੱਚ ਵਰਣਿਤ ਅਲਹਿਦਗੀਆਂ ਦੇਖੋ।<br>ਨੌਕਰੀ ਚਲੇ ਜਾਣ ਦਾ ਬੀਮਾ: ਨੌਕਰੀ ਚਲੇ ਜਾਣ ਦੇ ਬੀਮੇ ਦੇ ਲਾਭ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ ਜੇਕਰ ਤੁਸੀਂ:<br>• ਨੌਕਰੀ ਚਲੇ ਜਾਣ ਦੀ ਮਿਤੀ ਤੋਂ ਪਹਿਲਾਂ ਦੇ 6 ਮਹੀਨਿਆਂ ਲਈ ਲਗਾਤਾਰ ਨੌਕਰੀ ਨਹੀਂ ਕਰ ਰਹੇ ਸੀ<br>• ਤੁਹਾਨੂੰ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਕਿਸੇ ਕਾਰਨ ਕਰਕੇ ਬਰਖਾਸਤ ਕੀਤਾ ਜਾਂਦਾ ਹੈ<br>• ਨੌਕਰੀ ਛੱਡ ਦਿੰਦੇ ਹੋ, ਰਿਟਾਇਰ ਹੋ ਜਾਂਦੇ ਹੋ ਜਾਂ ਆਪਣੀ ਮਰਜ਼ੀ ਆਪਣੀ ਨੌਕਰੀ ਖ਼ਤਮ ਕਰਦੇ ਹੋ |
| ਉਡੀਕ ਮਿਆਦ | ਲਾਭਾਂ ਦੇ ਭੁਗਤਾਨ ਯੋਗ ਬਣਨ ਤੋਂ ਪਹਿਲਾਂ ਤੁਹਾਨੂੰ ਅਸਮਰਥ ਹੋਣ ਦੀ ਮਿਤੀ ਤੋਂ ਬਾਅਦ 60 ਦਿਨ ਉਡੀਕ ਕਰਨੀ ਪਵੇਗੀ। | ਲਾਭਾਂ ਦੇ ਭੁਗਤਾਨ ਯੋਗ ਹੋਣ ਤੋਂ ਪਹਿਲਾਂ ਤੁਹਾਨੂੰ ਅਸਮਰਥਤਾ ਦੀ ਮਿਤੀ ਜਾਂ ਤੁਹਾਡੀ ਨੌਕਰੀ ਚਲੇ ਜਾਣ ਦੀ ਮਿਤੀ ਤੋਂ ਬਾਅਦ 60 ਦਿਨ ਉਡੀਕ ਕਰਨੀ ਪਵੇਗੀ। |
| ਉਮਰ ਦੀ ਕਵਰੇਜ ਖ਼ਤਮ ਹੁੰਦੀ ਹੈ | 65 | 65 |
| ਤੁਹਾਡੇ ਬੀਮੇ ਦੀ ਲਾਗਤ ਕੀ ਹੈ | ਤੁਹਾਡਾ ਮਹੀਨਾਵਾਰ[6] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ[5] ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਿਤ ਲਾਗੂ ਪ੍ਰੀਮੀਅਮ ਦਰ[4] 'ਤੇ ਅਧਾਰਤ ਹੁੰਦਾ ਹੈ। ਜੇਕਰ ਡਿਸਏਬਿਲਿਟੀ ਇੰਸ਼ੋਰੈਂਸ ਜਾਂ ਡਿਸਏਬਿਲਿਟੀ ਇੰਸ਼ੋਰੈਂਸ ਪਲੱਸ ਲਈ ਦੋ ਵਿਅਕਤੀਆਂ ਦਾ ਬੀਮਾ ਕੀਤਾ ਜਾਂਦਾ ਹੈ, ਤਾਂ ਸੰਯੁਕਤ ਪ੍ਰੀਮੀਅਮ ਹਰੇਕ ਬੀਮਾਯੁਕਤ ਵਿਅਕਤੀ ਲਈ ਵਿਅਕਤੀਗਤ ਪ੍ਰੀਮਿਅਮਾਂ ਦੀ ਰਕਮ ਦੀ ਗਣਨਾ ਕਰਕੇ ਅਤੇ ਨਤੀਜੇ ਨੂੰ 95% (ਜੋ ਕਿ 5% ਦੀ ਛੋਟ ਹੈ) ਨਾਲ ਗੁਣਾ ਕਰਕੇ ਨਿਰਧਾਰਿਤ ਕੀਤਾ ਜਾਂਦਾ ਹੈ। ਪ੍ਰੀਮਿਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ। | ਤੁਹਾਡਾ ਮਹੀਨਾਵਾਰ[6] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ[5] ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਿਤ ਲਾਗੂ ਪ੍ਰੀਮੀਅਮ ਦਰ[4] 'ਤੇ ਅਧਾਰਤ ਹੁੰਦਾ ਹੈ। ਜੇਕਰ ਡਿਸਏਬਿਲਿਟੀ ਇੰਸ਼ੋਰੈਂਸ ਜਾਂ ਡਿਸਏਬਿਲਿਟੀ ਇੰਸ਼ੋਰੈਂਸ ਪਲੱਸ ਲਈ ਦੋ ਵਿਅਕਤੀਆਂ ਦਾ ਬੀਮਾ ਕੀਤਾ ਜਾਂਦਾ ਹੈ, ਤਾਂ ਸੰਯੁਕਤ ਪ੍ਰੀਮੀਅਮ ਹਰੇਕ ਬੀਮਾਯੁਕਤ ਵਿਅਕਤੀ ਲਈ ਵਿਅਕਤੀਗਤ ਪ੍ਰੀਮਿਅਮਾਂ ਦੀ ਰਕਮ ਦੀ ਗਣਨਾ ਕਰਕੇ ਅਤੇ ਨਤੀਜੇ ਨੂੰ 95% (ਜੋ ਕਿ 5% ਦੀ ਛੋਟ ਹੈ) ਨਾਲ ਗੁਣਾ ਕਰਕੇ ਨਿਰਧਾਰਿਤ ਕੀਤਾ ਜਾਂਦਾ ਹੈ। ਪ੍ਰੀਮਿਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ। |

ਧਿਆਨ ਦਿਓ: ਹਰੇਕ ਕਵਰੇਜ ਲਈ ਵੱਧ ਤੋਂ ਵੱਧ ਦੋ ਵਿਅਕਤੀਆਂ ਦਾ ਬੀਮਾ ਕੀਤਾ ਜਾ ਸਕਦਾ ਹੈ। ਤੁਹਾਡਾ ਇੱਕੋ ਮੌਰਗੇਜ 'ਤੇ ਡਿਸਏਬਿਲਟੀ ਇੰਸ਼ੋਰੈਂਸ ਅਤੇ ਡਿਸਏਬਿਲਟੀ ਇੰਸ਼ੋਰੈਂਸ ਪਲੱਸ ਦੋਵਾਂ ਲਈ ਬੀਮਾ ਨਹੀਂ ਕੀਤਾ ਜਾ ਸਕਦਾ ਹੈ।

## ਸਿਹਤ ਸੰਬੰਧੀ ਸਵਾਲ

ਇਸ ਬੀਮੇ ਲਈ ਅਰਜ਼ੀ ਦੇਣ ਲਈ ਤੁਹਾਨੂੰ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੈ। Canada Life ਇਹ ਨਿਰਧਾਰਿਤ ਕਰਨ ਲਈ ਤੁਹਾਡੀ ਸਿਹਤ ਜਾਣਕਾਰੀ ਇਕੱਠੀ ਕਰਦੀ ਹੈ ਅਤੇ ਵਰਤਦੀ ਹੈ ਕਿ ਕੀ ਤੁਸੀਂ ਕਵਰੇਜ ਲਈ ਯੋਗ ਹੋ। ਜੇਕਰ ਤੁਸੀਂ ਅਰਜ਼ੀ 'ਤੇ ਕਿਸੇ ਸਿਹਤ ਸੰਬੰਧੀ ਸਵਾਲ ਦਾ ਜਵਾਬ "ਹਾਂ" ਵਿੱਚ ਦਿੰਦੇ ਹੋ, ਤਾਂ Canada Life ਤੁਹਾਡੀ ਅਰਜ਼ੀ ਦੀ ਸਮੀਖਿਆ ਕਰੇਗੀ ਅਤੇ ਵਾਧੂ ਡਾਕਟਰੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ। ਇਹ ਮਹੱਤਵਪੂਰਨ ਹੈ ਕਿ ਤੁਹਾਡੇ ਸਿਹਤ ਸੰਬੰਧੀ ਸਵਾਲਾਂ, ਅਤੇ Canada Life ਦੁਆਰਾ ਪੁੱਛੇ ਗਏ ਹੋਰ ਸਵਾਲਾਂ ਦੇ ਜਵਾਬ, ਸੱਚੇ, ਸਹੀ ਅਤੇ ਸੰਪੂਰਨ ਹੋਣ। ਜੇਕਰ ਤੁਸੀਂ (ਜਾਂ ਤੁਹਾਡੀ ਜਾਇਦਾਦ) ਦਾਅਵਾ ਪੇਸ਼ ਕਰਦੇ ਹੋ, ਤਾਂ Canada Life ਤੁਹਾਡੇ ਸਿਹਤ ਸੰਬੰਧੀ ਸਵਾਲਾਂ ਅਤੇ Canada Life ਦੁਆਰਾ ਪੁੱਛੇ ਗਏ ਕਿਸੇ ਵੀ ਹੋਰ ਸਵਾਲਾਂ ਦੇ ਜਵਾਬਾਂ ਦੀ ਸਮੀਖਿਆ ਕਰ ਸਕਦੀ ਹੈ। ਇਹਨਾਂ ਸਵਾਲਾਂ ਦੇ ਸੱਚੇ, ਸਹੀ ਅਤੇ ਸੰਪੂਰਨ ਜਵਾਬ ਦੇਣ ਵਿੱਚ ਅਸਫਲਤਾ ਤੁਹਾਡੀ ਬੀਮਾ ਕਵਰੇਜ ਨੂੰ ਅਵੈਧ ਬਣਾ ਸਕਦੀ ਹੈ।

## ਤੁਹਾਡੀ ਕਵਰੇਜ ਕਦੋਂ ਸ਼ੁਰੂ ਹੁੰਦੀ ਹੈ

ਤੁਹਾਡੀ ਬੀਮੇ ਨੂੰ CIBC ਨੂੰ ਤੁਹਾਡੀ ਦਸਤਖਤ ਕੀਤੀ ਅਤੇ ਪੂਰੀ ਭਰੀ ਅਰਜ਼ੀ ਪ੍ਰਾਪਤ ਕਰਨ ਦੀ ਮਿਤੀ ਤੋਂ ਮਨਜ਼ੂਰੀ ਦਿੱਤੀ ਜਾਂਦੀ ਹੈ ਅਤੇ ਸ਼ੁਰੂ ਕੀਤਾ ਜੰਦਾ ਹੈ ਜੇਕਰ:

- ਤੁਸੀਂ ਅਰਜ਼ੀ ਵਿੱਚ 'ਤੇ ਸਾਰੇ ਲਾਗੂ ਹੋਣ ਵਾਲੇ ਸਿਹਤ ਸੰਬੰਧੀ ਸਵਾਲਾਂ ਦਾ ਜਵਾਬ "ਨਹੀਂ" ਵਿੱਚ ਦਿੱਤਾ ਹੈ; ਅਤੇ
- ਤੁਹਾਡਾ CIBC ਮੌਰਗੇਜ ਮਨਜ਼ੂਰ ਹੋ ਗਿਆ ਹੈ

ਹੋਰ ਸਾਰੀਆਂ ਸਥਿਤੀਆਂ ਵਿੱਚ, Canada Life ਤੁਹਾਡੀ ਅਰਜ਼ੀ ਦੀ ਸਮੀਖਿਆ ਕਰੇਗੀ। ਜੇਕਰ Canada Life ਦੀ ਸਮੀਖਿਆ ਤੋਂ ਬਾਅਦ ਤੁਹਾਡੀ ਬੀਮਾ ਕਵਰੇਜ ਮਨਜ਼ੂਰ ਹੋ ਜਾਂਦੀ ਹੈ, ਤਾਂ ਉਹ ਤੁਹਾਨੂੰ ਲਿਖਤੀ ਰੂਪ ਵਿੱਚ ਦੱਸਣਗੇ ਕਿ ਤੁਹਾਡੀ ਅਰਜ਼ੀ ਮਨਜ਼ੂਰ ਹੋ ਗਈ ਹੈ ਅਤੇ ਤੁਹਾਡੀ ਬੀਮਾ ਸ਼ੁਰੂ ਹੋਣ ਦੀ ਮਿਤੀ ਦੀ ਪੁਸ਼ਟੀ ਕਰਨਗੇ। ਜੇਕਰ ਤੁਹਾਡੀ ਬੀਮਾ ਕਵਰੇਜ ਮਨਜ਼ੂਰ ਨਹੀਂ ਹੁੰਦੀ, ਤਾਂ Canada Life ਤੁਹਾਨੂੰ ਇਨਕਾਰ ਕੀਤੇ ਜਾਣ ਦਾ ਨੋਟਿਸ ਦੇਵੇਗੀ।

## 30-ਦਿਨਾਂ ਦੀ ਸਮੀਖਿਆ ਦੀ ਮਿਆਦ ਅਤੇ ਰੱਦ ਕਿਵੇਂ ਕਰਨਾ ਹੈ

ਤੁਹਾਡੇ ਕੋਲ ਕਵਰੇਜ ਦੀ ਸਮੀਖਿਆ ਕਰਨ ਅਤੇ ਇਹ ਫੈਸਲਾ ਕਰਨ ਲਈ ਕਿ ਕੀ ਇਹ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ, ਤੁਹਾਡੇ ਬੀਮੇ ਦਾ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਾਅਦ 30 ਦਿਨ ਹੁੰਦੇ ਹਨ। ਜੇਕਰ ਤੁਸੀਂ 30-ਦਿਨਾਂ ਦੀ ਸਮੀਖਿਆ ਮਿਆਦ ਦੇ ਅੰਦਰ ਰੱਦ ਕਰਦੇ ਹੋ, ਤਾਂ ਤੁਹਾਨੂੰ ਤੁਹਾਡੇ ਦੁਆਰਾ ਭੁਗਤਾਨ ਕੀਤੇ ਗਏ ਕਿਸੇ ਵੀ ਪ੍ਰੀਮੀਅਮ ਦਾ ਪੂਰਾ ਰਿਫੰਡ ਪ੍ਰਾਪਤ ਹੋਵੇਗਾ।

ਤੁਸੀਂ ਕਿਸੇ ਵੀ ਸਮੇਂ CIBC ਕ੍ਰੈਡਿਟਰ ਇੰਸ਼ੋਰੈਂਸ ਹੈਲਪਲਾਈਨ ਨੂੰ 1 800 465-6020 'ਤੇ ਕਾਲ ਕਰਕੇ; ਕਿਸੇ CIBC ਬੈਂਕਿੰਗ ਸੈਂਟਰ ਵਿੱਚ ਇੱਕ ਰੱਦੀਕਰਨ ਫਾਰਮ ਨੂੰ ਭਰ ਕੇ; ਜਾਂ ਤੁਹਾਡੇ CIBC ਬੈਂਕਿੰਗ ਸੈਂਟਰ ਨੂੰ ਰੱਦ ਕਰਨ ਦੀ ਬੇਨਤੀ ਕਰਦੇ ਹੋਏ ਇੱਕ ਪੱਤਰ ਭੇਜ ਕੇ, ਇਸ ਵਿਕਲਪਿਕ ਬੀਮਾ ਕਵਰੇਜ ਨੂੰ ਰੱਦ ਕਰ ਸਕਦੇ ਹੋ।

## ਦਾਅਵਾ ਕਿਵੇਂ ਕਰਨਾ ਹੈ

ਦਾਅਵਾ ਫਾਰਮ ਕਿਸੇ ਵੀ CIBC ਬੈਂਕਿੰਗ ਸੈਂਟਰ ਤੋਂ, cibc.com 'ਤੇ ਜਾ ਕੇ ਜਾਂ CIBC ਕ੍ਰੈਡਿਟ ਇੰਸ਼ੋਰੈਂਸ ਹੈਲਪਲਾਈਨ ਨੂੰ 1 800 465-6020 'ਤੇ ਕਾਲ ਕਰਕੇ ਉਪਲਬਧ ਹਨ। ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਬੀਮਾਯੁਕਤ ਘਟਨਾ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਦਾਅਵਾ ਕਰੋ।

ਜੇਕਰ ਤੁਹਾਡਾ ਦਾਅਵਾ ਮਨਜ਼ੂਰ ਹੋ ਜਾਂਦਾ ਹੈ, ਤਾਂ Canada Life CIBC ਨੂੰ ਲਾਭ ਦਾ ਭੁਗਤਾਨ ਕਰਦੀ ਹੈ, ਅਤੇ CIBC ਤੁਹਾਡੇ ਬੀਮੇ ਵਾਲੇ CIBC ਮੌਰਗੇਜ 'ਤੇ ਲਾਭ ਦਾ ਭੁਗਤਾਨ ਲਾਗੂ ਕਰਦੀ ਹੈ। Canada Life ਦੇ ਕੋਲ ਦਾਅਵੇ ਦਾਇਰ ਕਰਨ ਲਈ ਮਹੱਤਵਪੂਰਨ ਸਮਾਂ ਸੀਮਾਵਾਂ ਸਮੇਤ ਪੂਰੇ ਵੇਰਵਿਆਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ।

## ਵਧੀਕ ਸਵਾਲਾਂ ਲਈ ਕਿਸ ਨਾਲ ਸੰਪਰਕ ਕਰਨਾ ਹੈ

ਕਿਰਪਾ ਕਰਕੇ Canada Life ਜਾਂ CIBC ਕ੍ਰੈਡਿਟ ਇੰਸ਼ੋਰੈਂਸ ਹੈਲਪਲਾਈਨ ਨਾਲ ਇੱਥੇ ਸੰਪਰਕ ਕਰੋ:

Canada Life
1 800 387-4495
canadalife.com
The Canada Life Assurance Company
330 University Avenue
Toronto, ON M5G 1R8

CIBC ਕ੍ਰੈਡਿਟਰ ਇੰਸ਼ੋਰੈਂਸ ਹੈਲਪਲਾਈਨ
1 800 465-6020
CIBC Creditor Customer Service
PO Box 3020
Mississauga STN A
Mississauga, ON L5A 4M2

## CIBC ਬਾਰੇ ਜਾਣਕਾਰੀ

ਇਸ ਬੀਮੇ ਸੰਬੰਧੀ ਸੇਵਾਵਾਂ ਮੁਹੱਈਆ ਕਰਵਾਉਣ ਲਈ CIBC ਨੂੰ Canada Life ਤੋਂ ਫੀਸਾਂ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਇਲਾਵਾ, ਗਰੁੱਪ ਪਾਲਿਸੀ ਤਹਿਤ ਜੋਖਮ ਲਈ ਮੁੜ ਤੋਂ ਬੀਮਾ ਹੋ ਸਕਦਾ ਹੈ, ਜੋ CIBC ਨਾਲ ਸਬੰਧਿਤ ਮੁੜ-ਬੀਮਾ ਕਰਨ ਵਾਲੇ ਬੀਮਾਕਾਰ ਕੋਲ ਸਮੁੱਚੇ ਰੂਪ ਵਿੱਚ ਜਾਂ ਅੰਸ਼ਕ ਰੂਪ ਵਿੱਚ ਹੋ ਸਕਦਾ ਹੈ। ਮੁੜ ਤੋਂ ਬੀਮਾ ਕਰਨ ਵਾਲਾ ਬੀਮਾਕਾਰ ਇਸ ਇੰਤਜ਼ਾਮ ਤਹਿਤ ਮੁੜ ਬੀਮੇ ਵਾਲੀ ਆਮਦਨ ਕਮਾਉਂਦਾ ਹੈ। CIBC ਵੱਲੋਂ ਇਸ ਬੀਮੇ ਨੂੰ ਪ੍ਰੋਤਸਾਹਿਤ ਕਰਨ ਵਾਲੇ ਪ੍ਰਤਿਨਿਧੀ ਮੁਆਵਜ਼ਾ ਪ੍ਰਾਪਤ ਕਰ ਸਕਦੇ ਹਨ।

[1] ਕਿਰਪਾ ਕਰਕੇ cibc.com/insurance 'ਤੇ ਬੀਮੇ ਦਾ ਨਮੂਨਾ ਸਰਟੀਫਿਕੇਟ ਦੇਖੋ ਜਾਂ The Canada Life Assurance Company ਦੇ ਗਾਹਕ ਸੇਵਾ ਦਫ਼ਤਰ ਨੂੰ 1 800 387-4495 'ਤੇ ਕਾਲ ਕਰੋ।

[2] ਜੇਕਰ ਤੁਹਾਡੀ CIBC ਮੌਰਗੇਜ ਭੁਗਤਾਨ ਦੀ ਵਾਰਵਾਰਤਾ ਮਹੀਨਾਵਾਰ ਤੋਂ ਇਲਾਵਾ ਕੋਈ ਹੋਰ ਹੈ, ਤਾਂ ਤੁਹਾਡਾ ਬੀਮਾ ਪ੍ਰੀਮੀਅਮ ਉਸ ਅਨੁਸਾਰ ਵਿਵਸਥਿਤ ਕੀਤਾ ਜਾਵੇਗਾ।

[3] ਸ਼ੁਰੂਆਤੀ ਬੀਮੇ ਦੀ ਰਕਮ ਤੁਹਾਡੇ CIBC ਮੌਰਗੇਜ ਲਈ ਪ੍ਰਦਾਨ ਕੀਤੀ ਗਈ ਬੀਮੇ ਦੀ ਵੱਧ ਤੋਂ ਵੱਧ ਡਾਲਰ ਰਕਮ ਹੈ ਜਿਵੇਂ ਕਿ ਬੀਮੇ ਦੇ ਸਰਟੀਫਿਕੇਟ ਵਿੱਚ ਵਰਣਨ ਕੀਤਾ ਗਿਆ ਹੈ।

[4] ਤੁਹਾਡੇ ਬੀਮੇ ਦੇ ਪ੍ਰਭਾਵੀ ਹੋਣ ਦੌਰਾਨ ਤੁਹਾਡੇ ਪ੍ਰੀਮੀਅਮ ਨਹੀਂ ਬਦਲਦੇ ਹਨ ਜਦੋਂ ਤੱਕ ਪਾਲਿਸੀ ਦੇ ਅਧੀਨ ਪੂਰੇ ਸਮੂਹ ਲਈ ਪ੍ਰੀਮੀਅਮ ਦਰਾਂ ਨਹੀਂ ਬਦਲੀਆਂ ਜਾਂਦੀਆਂ।

[5] ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ ਦਾ ਮਤਲਬ ਹੈ:

i. ਜੇਕਰ ਤੁਹਾਡੀ ਬੀਮੇ ਦੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ: $3000 ਦੇ ਵੱਧ ਤੋਂ ਵੱਧ ਮਹੀਨਾਵਾਰ ਲਾਭ ਤੱਕ, ਤੁਹਾਡੀ ਅਰਜ਼ੀ ਵਿੱਚ ਨਿਰਧਾਰਿਤ ਮਹੀਨਾਵਾਰ ਲਾਭ ਦੀ ਰਕਮ ਜੋ ਤੁਹਾਡੇ ਮਹੀਨਾਵਾਰ CIBC ਮੌਰਗੇਜ ਭੁਗਤਾਨਾਂ ਦੇ ਮੂਲ ਅਤੇ ਵਿਆਜ ਵਾਲੇ ਹਿੱਸੇ 'ਤੇ ਅਧਾਰਤ ਹੈ (ਨੇੜਲੇ $100 ਤੱਕ ਪੂਰਨ ਬਣਾਇਆ ਜਾਂਦਾ ਹੈ)।
ii. ਜੇਕਰ ਤੁਹਾਡੀ ਬੀਮੇ ਦੀ ਅਰਜ਼ੀ ਮਨਜ਼ੂਰ ਨਹੀਂ ਹੁੰਦੀ ਹੈ: ਜੇਕਰ ਤੁਸੀਂ ਤੁਹਾਡੇ ਕੋਲ ਮੌਜੂਦ ਪਿਛਲੀ ਕਵਰੇਜ ਦੇ ਆਧਾਰ 'ਤੇ ਕਵਰੇਜ ਲਈ ਯੋਗ ਹੋ, ਤਾਂ ਤੁਹਾਨੂੰ ਦੱਸੀ ਗਈ ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ ਜਾਂਦੀ ਹੈ।

ਧਿਆਨ ਦਿਓ: ਜੇਕਰ ਤੁਸੀਂ ਤੇਜ਼ ਕੀਤੇ ਗਏ ਮੌਰਗੇਜ ਕਰਜ਼ੇ ਦੇ ਭੁਗਤਾਨਾਂ ਦੀ ਚੋਣ ਕਰਦੇ ਹੋ ਤਾਂ ਤੁਹਾਡੀ ਨਿਸ਼ਚਿਤ ਮਹੀਨਾਵਾਰ ਲਾਭ ਰਕਮ ਨਹੀਂ ਬਦਲਦੀ।

[6] ਜੇਕਰ ਤੁਹਾਡੀ CIBC ਮੌਰਗੇਜ ਭੁਗਤਾਨ ਦੀ ਵਾਰਵਾਰਤਾ ਮਹੀਨਾਵਾਰ ਤੋਂ ਇਲਾਵਾ ਹੈ, ਤਾਂ ਤੁਹਾਡਾ ਮਹੀਨਾਵਾਰ ਬੀਮਾ ਪ੍ਰੀਮੀਅਮ ਅਤੇ ਨਿਸ਼ਚਿਤ ਮਹੀਨਾਵਾਰ ਲਾਭ ਰਕਮ ਤੁਹਾਡੇ ਬੀਮੇ ਦੇ ਸਰਟੀਫਿਕੇਟ ਵਿੱਚ ਦਰਸਾਏ ਅਨੁਸਾਰ ਵਿਵਸਥਿਤ ਕੀਤੀ ਜਾਵੇਗੀ।

Canada Life ਅਤੇ ਡਿਜ਼ਾਈਨ The Canada Life Assurance Company
ਦੇ ਟ੍ਰੇਡਮਾਰਕ ਹਨ। CIBC ਲੋਗੋ ਡਿਜ਼ਾਈਨ CIBC ਦਾ ਇੱਕ ਟ੍ਰੇਡਮਾਰਕ ਹੈ, ਅਤੇ ਲਾਇਸੰਸ ਦੇ ਅਧੀਨ ਵਰਤਿਆ ਗਿਆ ਹੈ।